ਈ.ਆਈ.ਏ. ਨੋਟੀਫਿਕੇਸਨ ਮਿਤੀ 14.9.2006 ਅਧੀਨ ਮੈਸ. ਮੈਡ ਵੇਸਟ ਸੋਲੂਸ਼ਨਜ਼ (ਪੀ) ਲਿਮਿਟਡ ਵੱਲੋ ਬਾਇਓ-ਮੈਡੀਕਲ ਵੇਸਟ ਟ੍ਰੀਟਮੈਂਟ ਫੈਸਿਲਟੀ, ਪਿੰਡ ਬੇਦੋਵਲੀ, ਤਹਿਸੀਲ ਗਿੱਦੜਬਾਹਾ, ਸ੍ਰੀ ਮੁਕਤਸਰ ਸਾਹਿਬ, ਪੰਜਾਬ ਪਲਾਂਟ ਲਗਾਉਣ ਲਈ ਦਿੱਤੀ ਗਈ ਅਰਜੀ ਦੇ ਸਬੰਧ ਵਿਚ ਬੁਲਾਈ ਲੋਕ ਸੁਣਵਾਈ ਮਿਤੀ 21.02.2018 ਦੀ ਕਾਰਵਾਈ ।

ਇਸ ਪ੍ਰੋਸੀਡਿੰਗ ਦੀ ਦੇਖ ਰੇਖ ਲਈ ਹੇਠ ਲਿਖੇ ਅਧਿਕਾਰੀ ਮੌਜੂਦ ਸਨ

1. ਸ੍ਰੀ ਹਰਿੰਦਰ ਸਿੰਘ ਸਰਾਂ, ਪੀ.ਸੀ.ਐਸ,
   ਅਡੀਸ਼ਨਲ ਡਿਪਟੀ ਕਮਿਸ਼ਨਰ (ਡਿਵੈਲਪਮੈਂਟ,
   ਸ੍ਰੀ ਮੁਕਤਸਰ ਸਾਹਿਬ ।

2. ਇੰਜ: ਰਾਜੀਵ ਸ਼ਰਮਾਂ,
   ਵਾਤਾਵਰਣ ਇੰਜੀਨੀਅਰ (ਮੈਗਾ),
   ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ
   ਪਟਿਆਲਾ

3 ਇੰਜ: ਪਰਮਜੀਤ ਸਿੰਘ,
   ਵਾਤਾਵਰਨ ਇੰਜੀਨੀਅਰ
   ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ
   ਖੇਤਰੀ ਦਫਤਰ, ਬਠਿੰਡਾ ।

ਵਾਤਾਵਰਨ ਇੰਜੀਨੀਅਰ (ਮੈਗਾ) ਪੰਜਾਬ ਪ੍ਰਦੂਸਣ ਰੋਕਥਾਮ ਬੋਰਡ, ਪਟਿਆਲਾ ਨੇ ਮੈਸ. ਮੈਡ ਵੇਸਟ ਸੋਲੂਸ਼ਨਜ਼ (ਪ੍ਰਾ) ਲਿਮਿਟਡ, ਪਿੰਡ ਬੇਦੋਵਲੀ, ਤਹਿਸੀਲ ਗਿੱਦੜਬਾਹਾ, ਸ੍ਰੀ ਮੁਕਤਸਰ ਸਾਹਿਬ, ਪੰਜਾਬ ਵਲੋਂ ਇਲਾਕੇ ਦੀਆਂ ਸਿਹਤ ਦੇਖਭਾਲ ਸੇਵਾਵਾਂ (100 ਕਿ.ਮੀ. ਘੇਰਾ) ਤੋਂ ਪੈਦਾ ਹੋਏ ਜੋ ਕਿ ਲਗਭਗ 3.650 ਟੀ.ਪੀ.ਏ ਅਤੇ 8861 ਬੈਡਜ ਦੇ ਬਾਇਓ-ਮੈਡੀਕਲ ਵੇਸਟ ਲਈ ਇੱਕ ਬਾਇਓ-ਮੈਡੀਕਲ ਵੇਸਟ ਫੈਸਿਲਟੀ ਸਥਾਪਿਤ ਕਰਨ ਦੀ ਤਜਵੀਜ਼ ਬਾਰੇ ਸਟੇਟ ਲੈਵਲ ਇਨਵਾਇਰਮੈਂਟ ਇੰਪੈਕਟ ਅਸੈਸਮੈਂਟ ਅਥਾਰਟੀ (ਸੀਆ) ਪੰਜਾਬ ਨੂੰ ਈ.ਆਈ.ਏ. ਨੋਟੀਫਿਕੇਸਨ ਨੰਬਰ 1533 (ਈ) ਮਿਤੀ 14.9.2006 ਦੇ ਤਹਿਤ ਵਾਤਾਵਰਣ ਕਲੀਅਰੈਂਸ ਲਈ ਦਾਖਲ ਕੀਤੀ ਗਈ ਅਰਜੀ ਤੇ ਬੁਲਾਈ ਲੋਕ ਸੁਣਵਾਈ ਦੀ ਪ੍ਰਧਾਨਗੀ ਕਰ ਰਹੇ ਅਤੇ ਦੇਖਭਾਲ ਕਰ ਰਹੇ ਅਫਸਰਾਂ ਦਾ ਅਤੇ ਇਸ ਲੋਕ ਸੁਣਵਾਈ ਵਿੱਚ ਹਾਜਰ ਹੋਏ ਨੇੜਲੇ ਪਿੰਡਾਂ ਦੇ ਲੋਕਾਂ ਦਾ ਸਵਾਗਤ ਕੀਤਾ। ਉਹਨਾਂ ਹਾਜਰ ਲੋਕਾਂ ਨੂੰ ਦੱਸਿਆ ਕਿ ਤਜਵੀਜ ਫੈਸਿਲਟੀ ਲਗਾਉਣ ਲਈ ਦਿੱਤੀ ਗਈ ਅਰਜੀ ਬਾਰੇ ਕੋਈ ਕਾਰਵਾਈ ਜਾਂ ਫੈਸਲਾ ਕਰਨ ਤੋ ਪਹਿਲਾਂ ਲੋਕ ਸੁਣਵਾਈ ਕਰਨਾ ਜਰੂਰੀ ਹੈ । ਉਹਨਾਂ ਇਹ ਗੱਲ ਵੀ ਲੋਕਾਂ ਦੇ ਧਿਆਨ ਵਿੱਚ ਲਿਆਂਦੀ ਕਿ ਇੰਡਸਟਰੀ ਨੇ ਪ੍ਰਸਤਾਵਤ ਈ.ਆਈ.ਏ. ਰਿਪੋਰਟ ਦੀਆਂ ਨਕਲਾਂ ਸਮੇਤ ਕਾਰਜਕਾਰੀ ਖਲਾਸੇ ਪੰਜਾਬ ਪ੍ਰਦੂਸਣ ਰੋਕਥਾਮ ਬੋਰਡ ਦੇ ਦਫਤਰ ਵਿੱਚ ਦਾਖਿਲ ਕਰਵਾਏ ਸਨ, ਜਿਹਨਾਂ ਦੀ ਇਕ-ਇਕ ਕਾਪੀ ਦਫਤਰ ਡਿਪਟੀ ਕਮਿਸਨਰ, ਸ੍ਰੀ ਮੁਕਤਸਰ ਸਾਹਿਬ; ਜਿਲ੍ਹਾ ਪਰੀਸ਼ਦ ਸ੍ਰੀ ਮੁਕਤਸਰ ਸਾਹਿਬ; ਜਨਰਲ ਮੈਨੇਜਰ, ਜਿਲਾ ਉਦਯੋਗਿਕ ਕੇਂਦਰ, ਸ੍ਰੀ ਮੁਕਤਸਰ ਸਾਹਿਬ; ਰਿਜਨਲ ਦਫਤਰ ਐਮ.ਓ.ਈ.ਐਫ., ਚੰਡੀਗੜ੍ਹ; ਅਤੇ ਖੇਤਰੀ

ਦਫਤਰ, ਬਠਿੰਡਾ, ਪੰਜਾਬ ਪ੍ਰਦੂਸਣ ਕੰਟਰੋਲ ਬੋਰਡ ਵਿੱਚ ਰਖੀ ਗਈ ਸੀ, ਤਾਂ ਜੋ ਉੱਥੇ ਜਨਤਾ ਅਤੇ ਹੋਰ ਤੱਲਕਦਾਰ ਇਹ ਕਾਗਜ ਪੱਤਰ ਵੇਖ ਸਕਣ । ਉਹਨਾਂ ਇਹ ਵੀ ਕਿਹਾ ਕਿ ਇਸ ਜਨਤਕ ਸੁਣਵਾਈ ਦੀ ਖਬਰ ਦੋ ਮਹੱਤਵਪੂਰਨ ਅਖਬਾਰਾਂ ਅਰਥਾਤ ਦੀ ਟ੍ਰਿਬਿਊਨ (ਅੰਗਰੇਜੀ ਰੋਜਾਨਾ) ਵਿੱਚ ਅਤੇ ਅਜੀਤ (ਪੰਜਾਬੀ) ਵਿੱਚ ਮਿਤੀ 18.01.2018 ਨੂੰ ਪ੍ਰਕਾਸਤ ਕੀਤੀ ਗਈ ਸੀ ਤਾਂ ਜੋ ਜਨਤਾ ਨੂੰ ਇਸ ਸੁਣਵਾਈ ਦੀ ਥਾਂ, ਤਾਰੀਖ ਅਤੇ ਸਮੇ ਦਾ ਪਤਾ ਲੱਗ ਜਾਵੇ । ਨਾਲ ਹੀ ਜਨਤਾ ਨੂੰ ਇਹ ਵੀ ਪਤਾ ਲੱਗ ਜਾਵੇ ਕਿ ਈ.ਆਈ.ਏ. ਰਿਪੋਰਟ ਦਾ ਖਰੜਾ ਅਤੇ ਕਾਰਜਕਾਰੀ ਰਿਪੋਰਟ ਦਾ ਖੁਲਾਸਾ ਕਿਸ ਦਫਤਰ ਵਿੱਚ ਸੁਣਵਾਈ ਤੋ ਪਹਿਲਾਂ ਵੇਖਿਆ ਜਾ ਸਕਦਾ ਹੈ। ਇਸ ਤੋ ਪਿੱਛੋ ਉਹਨਾਂ ਤਜਵੀਜ ਫੈਸਿਲਟੀ ਦੇ ਨੁਮਾਇੰਦਿਆਂ ਨੂੰ ਕਿਹਾ ਕਿ ਉਹ ਆਪਣੇ ਪ੍ਰੋਜੈਕਟ ਬਾਰੇ ਅਤੇ ਈ.ਆਈ.ਏ. ਰਿਪੋਰਟ ਬਾਰੇ ਲੋਕਾਂ ਨੂੰ ਵਿਸਥਾਰ ਰੂਪ ਵਿੱਚ ਦੱਸਣ।

ਪ੍ਰੋਮੋਟਰ ਕੰਪਨੀ ਦੇ ਵਾਤਾਵਰਣ ਸਲਾਹਕਾਰ ਨੇ ਵਿਸਥਾਰ ਵਿੱਚ ਤਜਵੀਜਤ ਪ੍ਰੋਜਕਟ ਲਗਾਉਣ ਬਾਰੇ ਹੇਠ ਲਿਖੇ ਅਨੁਸਾਰ ਜਨਤਾ ਨੂੰ ਦੱਸਿਆ:

ਮੈਡ ਵੇਸਟ ਸੋਲੂਸ਼ਨਜ਼ (ਪ੍ਰਾ) ਲਿਮੀਟਡ ਜੋ ਕਿ ਰਜਿਸਟਰਡ ਕੰਪਨੀ ਹੈ ਵਲੋ ਪਿੰਡ ਬੇਦੋਵਲੀ, ਤਹਿਸੀਲ ਗਿੱਦੜਬਾਹਾ, ਸ੍ਰੀ ਮੁਕਤਸਰ ਸਾਹਿਬ, ਪੰਜਾਬ ਵਿਖੇ ਸਥਿਤ 1.87 ਏਕੜ ਜਮੀਨ ਉਪਰ ਕੋਮੰਨ ਬਾਇਓ-ਮੈਡੀਕਲ ਵੇਸਟ ਟ੍ਰੀਟਮੈਟ ਫੈਸਿਲਿਟੀ ਨੂੰ ਲਗਾਉਣ ਦੀ ਤਜਵੀਜ ਹੈ ।

ਤਜ਼ਵੀਜ ਪ੍ਰਸਤਾਵਿਤ ਪ੍ਰੋਜੈਕਟ ਦੀ ਸਮਰੱਥਾ ਇਲਾਕੇ ਦੀਆਂ ਸਿਹਤ ਦੇਖਭਾਲ ਸੇਵਾਵਾਂ ਵਲੋਂ (100 ਕਿ.ਮੀ.ਘੇਰਾ) 3650 ਮੈਟ੍ਰਿਕ ਟਨ ਪ੍ਰਤੀ ਸਾਲ ਅੰਦਰ ਪੈਦਾ ਹੋਣ ਵਾਲੇ ਬਾਇਓ-ਮੈਡਿਕੈਲਵੇਸਟ ਨੂੰ ਟ੍ਰੀਟ ਕਰਨ ਦੀ ਹੈ। ਪ੍ਰਸਤਾਵਿਤ ਪ੍ਰੋਜੈਕਟ ਵਿੱਚ ਇੰਸਿਨੇਰੇਟਰ (ਸਮੇਤ ਹਵਾ ਪ੍ਰਦੂਸ਼ਣ ਰੋਕਥਾਮ ਯੰਤਰ), ਔਟੋਕਲੇਵ, ਸ਼ਰੈਂਡਰ ਅਤੇ ਉਤਪ੍ਰਵਾਹ ਸੋਧਕ ਪਲਾਂਟ ਹੋਣਗੇ ਹੈ।

ਪ੍ਰਸਤਾਵਿਤ ਪ੍ਰੋਜੈਕਟ ਦੇ ਉਪਰਕਨਾਂ ਦੀ ਸਮਰੱਥਾ ਦਾ ਵੇਰਵਾ ਹੇਠ ਅਨੁਸਾਰ ਹੈ:-

| **ਉਪਕਰਨ** | **ਪ੍ਰਸਤਾਵਿਤ ਸਮਰੱਥਾ** | **ਨੰਬਰ** |
|---|---|---|
| ਇੰਸਿਨੇਰੇਟਰ | 250 ਘੀਗ | 02 |
| ਆਟੋਕਲੇਵ | 250 ;ਵਗਤ | 02 |
| ਸ਼ਰੈਡਰ | 300 ਘੀਗ | 01 |
| ਉਤਪ੍ਰਵਾਹ ਸੋਧਕ ਯੰਤਰ | 415 ਠੌਂਢ਼ਖ | 01 |

ਉਦਯੋਗ ਨੇ ਈ.ਆਈ.ਏ ਨੋਟੀਫਿਕੇਸ਼ਨ ਨੰਬਰ 1533 ਮਿਤੀ 14/09/2006 ਦੇ ਅਧੀਨ ਵਾਤਾਵਰਣ ਕਲੀਅਰੈਂਸ ਪ੍ਰਾਪਤ ਕਰਨ ਲਈ ਸੀਆ ਪੰਜਾਬ ਕੋਲ ਅਰਜ਼ੀ ਦਾਖਲ ਕੀਤੀ ਹੈ ਅਤੇ ਅਥਾਰਟੀ ਵਲੋਂ ਰੈਪਿਡ ਈ.ਆਈ.ਏ ਅਧਿਐਨ ਰਿਪੋਰਟ ਤਿਆਰ ਕਰਨ ਲਈ ਪਹਿਲਾਂ ਹੀ ਓਰਵਤ ਜਾਰੀ ਕੀਤੇ ਗਏ ਹਨ ।

**ਪ੍ਰੋਜੈਕਟ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ**

- ਭੂਮੀ ਏਰੀਆ – 1187 ਏਕੜ
- ਪ੍ਰੋਜੈਕਟ ਦੀ ਲਾਗਤ – 4 ਕਰੋੜ

ਪ੍ਰਸਤਾਵਿਤ ਪ੍ਰੋਜਕਟ ਬਾਇਓ-ਮੈਡੀਕਲ ਬਾਇਓ-ਮੈਡੀਕਲ ਵੇਸਟ ਟ੍ਰੀਟਮੈਂਟ ਪਲਾਂਟ ਦੀਆਂ ਬਾਇਓ-ਮੈਡੀਕਲ ਵੇਸਟ ਦੀਆਂ ਸਾਰੀਆਂ ਪ੍ਰਕਿਰਿਆਵਾਂ ਲਈ ਪਾਣੀ ਦੀ ਕੁੱਲ ਲੋੜ 5 ਕੇ.ਐਲ.ਡੀ (ਾ:ਣ) ਹੈ। ਉਤਪ੍ਰਵਾਹ ਪਾਣੀ ਦੀ ਪੈਦਾਵਾਰ ਲਗਭਗ 4.5 ਕੇ.ਐਲ.ਡੀ (ਾ:ਣ) ਹੋਵੇਗੀ ਜਿਸ ਨੂੰ ਉਤਪ੍ਰਵਾਹ ਸੋਧਕ ਪਲਾਂਟ (ਥਓ੍ਰ) ਵਿੱਚ ਸੋਧਿਆ ਜਾਵੇਗਾ ।

ਪ੍ਰੋਜੈਕਟ ਲਈ ਪਾਵਰ ਦੀ ਜ਼ਰੂਰਤ 200 ਾਂਗ ਹੋਵੇਗੀ ਜੋ ਕਿ ਪੰਜਾਬ ਰਾਜ ਪਾਵਰ ਕਾਰਪੋਰਸ਼ਨ ਲਿਮਿਟਡ (ਫ਼ਛ਼ਙ) ਕੋਲੋਂ ਲਿਆ ਜਾਵੇਗਾ ।

ਤਜਵੀਜਤ ਪ੍ਰੋਜੈਕਟ ਦੇ ਵਾਤਾਵਰਣ ਤੇ ਪੈਣ ਵਾਲੇ ਪ੍ਰਭਾਵ ਹੇਠ ਲਿਖੇ ਅਨੁਸਾਰ ਹਨ:-

**ਐਮਬੀਏਂਟ ਏਅਰ ਕੁਆਲਿਟੀ**

ਆਰ.ਐਸ.ਪੀ.ਐਮ., ਐਸ.ਪੀ.ਐਮ, ਸਲਫਰ ਡਾਈਅਕਸਾਈਡ ਅਤੇ ਨਾਈਟਰੋਜ਼ਨ ਦੇ ਆਕਸਾਈਡ ਦੀ ਘਣਤਾ ਪ੍ਰੋਜੈਕਟ ਦੇ 5 ਕਿਲੋਮੀਟਰ ਦੇ ਦਾਇਰੇ ਵਿੱਚ ਢੁੱਕਵੇਂ ਸਥਾਨਾਂ ਤੇ ਸਟੇਸ਼ਨ ਸਥਾਪਿਤ ਕਰਕੇ ਫੀਲਡ ਮਾਨੀਟਰਿੰਗ ਕਰਨ ਤੋਂ ਬਾਅਦ ਹਾਸਲ ਕੀਤੀ ਗਈ ਹੈ । ਛ+$_2$ ¯ ਟ+$_ਘ$ ਦੇ 24 ਘੰਟੇ ਦੇ ਔਸਤ ਪੱਧਰ

ਨੈਸ਼ਨਲ ਐਮਬਿਐਂਟ ਏਅਰ ਕੁਆਲਿਟੀ ਸਟੈਂਡਰਡਜ਼ ਵਿੱਚ ਦਰਸਾਈਆਂ ਗਈਆਂ ਰਿਹਾਇਸ਼ੀ, ਦਿਹਾਤੀ ਅਤੇ ਹੋਰ ਖੇਤਰਾਂ ਲਈ ਨਿਰਧਾਰਿਤ 80 ਸ਼ਪੋਠ3 ਦੀ ਸੀਮਾ ਦੇ ਅੰਦਰ ਪਾਏ ਗਏ ਹਨ । ਫ਼ਝ$_{10}$ ਅਤ ਫ਼ਝ$_{215}$ ਦੇ ਪੱਧਰ ਨਿਰਧਾਰਿਤ ਸੀਮਾਵਾਂ ਜੋ ਕਿ 100 ਸ਼ਪੋਠ$^3$ ਅਤੇ 60 ਸ਼ਪੋਠ$^3$ ਹਨ ਦੇ ਅੰਦਰ ਪਾਏ ਗਏ ਸਨ ।

**ਪਾਣੀ ਵਾਤਾਵਰਣ**

ਪਾਣੀ ਦੇ ਸਾਰੇ ਨਮੂਨਿਆਂ ਦੀ ਬ. ਇਛੱਤ ਸੀਮਾ ਦੇ ਅੰਦਰ ਹੈ ਅਤੇ 7.13 ਤੋਂ 8101 ਦੀ ਰੇਂਜ ਵਿਚ ਹੈ ਨਮੂਨਿਆਂ ਵਿੱਚ ਹਾਰਡਨੈੱਸ 185197-430167 ਮਿਲੀਗ੍ਰਾਮ/ਲੀਟਰ ਅਤੇ ਕਲੋਰਾਈਡ ਮਾਤਰਾ 15129 ਤੋਂ ਲੈ ਕੇ 256151 ਮਿਲੀਗ੍ਰਾਮ/ਲੀਟਰ ਦੀ ਰੇਂਜ ਪਾਈ ਗਈ ਹੈ ਵਿੱਚ ਜੋ ਕਿ ਲੋੜੀਂਦੀ ਸੀਮਾ ਦੇ ਅੰਦਰ ਹਨ । ਪਾਣੀ ਦੇ ਨਮੂੱਨੇ ਵਿੱਚ ਕੈਲਸੀਅਮ ਅਤੇ

ਮੈਗਨੀਸੀਅਮ 43115 ਤੋਂ 105192 ਮਿਲੀਗ੍ਰਾਮ/ਲੀਟਰ ਦੀ 11189 ਤੋਂ 78149 ਮਿਲੀਗ੍ਰਾਮ/ਲੀਟਰ ਰੇਂਜ ਵਿੱਚ ਹਨ । ਨਮੂਨਿਆਂ ਵਿੱਚ ਟੋਟਲ ਡਿਜੋਲਡ ਸੋਲਿਡਜ਼ 216 ਤੋਂ 1432 ਮਿਲੀਗ੍ਰਾਮ/ਲੀਟਰ ਤੱਕ ਹਨ ਜੋ ਕਿ ਲੋੜੀਂਦੀ ਸੀਮਾ ਦੇ ਅੰਦਰ ਹਨ । ਸਾਰੇ ਸੈਪਲਾਂ ਵਿੱਚ ਫਲੋਰਾਈਡ 011 ਤੋਂ 1134 ਮਿਲੀਗ੍ਰਾਮ/ਲੀਟਰ ਦੀ ਰੇਂਜ ਵਿੱਚ ਹਨ । ਸਾਰੇ ਨਮੂਨਿਆਂ ਵਿੱਚ ਨਾਈਟਰੇਟ ਦੀ ਮਾਤਰਾ 0189 ਤੋਂ 4818 ਮਿਲੀਗ੍ਰਾਮ/ਲੀਟਰ ਵਿੱਖਰੀ ਹੋਈ ਹੈ । ਪਾਣੀ ਦੇ ਸੈਪਲਾਂ ਵਿੱਚ ਸਲਫੇਟ ਦੀ ਮਾਤਰਾ 18124 ਤੋਂ 148144 ਮਿਲੀਗ੍ਰਾਮ/ਲੀਟਰ ਦੀ ਰੇਂਜ ਵਿੱਚ ਹੈ ਜੋ ਕਿ ਇੱਛਕ ਸੀਮਾ ਦੇ ਅੰਦਰ ਹਨ ।

**ਸੋਰ ਵਾਤਾਵਰਣ**

ਐਂਬੀਏਂਟ ਸ਼ੋਰ ਦੇ ਪੱਧਰ ਦੀ ਮੋਨੀਟਰਿੰਗ 13 ਮੋਨੀਟਿਰਿੰਗ ਸਟੇਸ਼ਨ ਸਥਾਪਿਤ ਕਰਕੇ ਜਿਸ ਵਿੱਚ ਪ੍ਰਜੈਕਟ ਸਾਈਟ ਅਤੇ ਅਧਿਐਨ ਖੇਤਰ ਵਿੱਚ ਪੈਂਦੇ 5 ਪਿੰਡ ਸਾਮਲ ਹਨ ਕੀਤੀ ਗਈ ਅਤੇ ਸ਼ੋਰ ਪੱਧਰ ਦਾ ਮੁਲਾਂਕਣ ਕਰਨ ਦੇ ਨਾਲ ਨਾਲ ਪ੍ਰੋਜੈਕਟ ਦੀਆਂ ਗਤੀਅਵਿਧੀਆਂ ਦੇ ਕਾਰਨ ਸੰਭਵ ਤੋਰ ਤੇ ਸ਼ੋਰ ਹੋਣ ਵਾਲੇ ਅਸਰ ਦੇ ਪੱਧਰ ਦਾ ਮੁਲਾਂਕਣ ਵੀ ਕੀਤਾ ਗਿਆ । ਰਿਕਾਰਡ ਕੀਤੇ ਗਏ ਆਵਾਜ਼ ਦੇ ਪੱਧਰ ਵੇਲੇ 48120 ਤੋਂ 53140 ਡੀ.ਬੀ.(ਏ) ਅਤੇ ਰਾਤ ਦੇ ਸਮੇਂ 40187 ਤੋਂ 43179 ਡੀ.ਬੀ.(ਏ) ਦੇ ਵਿਚਕਾਰ ਪਾਏ ਗਏ ਹਨ ।

**ਜੀਵ ਵਿਗਿਆਨਕ ਵਾਤਾਵਰਣ**

ਪ੍ਰੋਜੈਕਟ ਸਾਈਟ ਤੋਂ 10 ਕਿਲੋਮੀਟਰ ਦੀ ਦੂਰੀ ਤੇ ਅੰਦਰ ਕੋਈ ਵੀ ਹੋਂਦ ਖਤਰੇ ਵਿੱਚ ਹੋਣੀ ਵਾਲੀ ਸੂਚੀ ਵਾਲਾ ਪੋਦਾ ਜਾਂ ਜਾਨਵਰ ਨਹੀਂ ਮਿਲਿਆ । ਪ੍ਰੋਜੈਕਟ ਸਾਈਟ ਦੇ 10 ਕਿਲੋਮੀਟਰ ਦੇ ਅੰਦਰ ਕੋਈ ਬਾਇਓਸਫੀਅਰ ਰਿਜ਼ਰਵ, ਟਾਈਗਰ ਰਿਜ਼ਰਵ, ਹਾਥੀ ਰਿਜ਼ਰਵ, ਜੰਗਲੀ ਹਾਥੀ ਦੇ ਪ੍ਰਵਾਸੀ ਗਲਿਆਰਾ, ਵੈਟ ਲੈਂਡ, ਰਾਸਟਰੀ ਪਾਰਕ ਅਤੇ ਜੰਗਲੀ ਜੀਵ ਸੈਂਚਰੀ ਜਾਂ ਵਾਤਾਵਰਣਿਕ ਸੰਵੇਦਨਸੀਲ ਖੇਤਰ ਮੋਜੂਦ ਨਹੀਂ ਹਨ ।

**ਇਨਵਾਇਰਮੈਂਟ ਮੈਨੇਜਮੈਂਟ ਪਲਾਨ**

ਸਾਫ ਅਤੇ ਸੁਰੱਖਿਅਤ ਵਾਤਾਵਰਣ ਯਕੀਨੀ ਬਨਾਉਣ ਲਈ ਇਨਵਾਇਰਮੈਂਟ ਮੈਨੇਜਮੈਂਟ ਪਲਾਨ (ਈ.ਐਮ.ਪੀ) ਇੱਕ ਕੁੰਜੀ ਹੈ । ਮੈਨੇਜਮੈਂਟ ਪਲਾਨ ਤੋਂ ਬਿਨਾਂ ਪ੍ਰੋਜੈਕਟ ਵਿੱਚ ਤਜਵੀਜ਼ ਵਾਤਾਵਰਣ ਸੁਧਾਰ ਪ੍ਰਬੰਧ ਤੋਂ ਸੰਭਾਵੀ ਨਤੀਜ਼ੇ ਹਾਸਲ ਨਹੀਂ ਹੋ ਸਕਦੇ ਜੋ ਕਿ ਇਸ ਦੇ ਸੁਚਾਰੂ ਢੰਗ ਨਾਲ ਲਾਗੂ ਕਰਨ ਅਤੇ ਕਾਰਜ਼ ਨੂੰ ਸੁਨਿਸਚਿਤ ਕਰਨ ਲਈ ਜਰੂਰੀ ਹੈ । ਈ.ਐਮ.ਪੀ ਵਿੱਚ ਪ੍ਰੋਜੈਕਟ ਦੀਆਂ ਸਰਗਰਮੀਆਂ ਤੋਂ ਪੈਦਾ ਹੋਏ ਮਾੜੇ ਪ੍ਰਭਾਵ ਨੂੰ ਘਟਾਉਣ ਲਈ ਉਪਚਾਰ ਉਪਾਅ ਅਤੇ ਯੋਜਨਾਵਾਂ ਦੀ ਪਰੰਪਰਾ ਕਰਦਾ ਹੈ । ਇਹ ਹੇਠ ਦਿੱਤੇ ਪਹਿਲੂਆਂ ਨੂੰ ਸ਼ਾਮਲ ਕਰਦਾ ਹੈ:-

- ਉਸਾਰੀ ਅਤੇ ਅਪਰੇਸ਼ਨ ਪੜਾਅ ਦੇ ਦੋਰਾਨ ਅਣਚਾਰਹੇ ਪ੍ਰਭਾਵਾਂ ਨੂੰ ਰੋਕਣ ਲਈ ਪ੍ਰਦੂਸ਼ਣ ਰੋਕਥਾਮ/ਸੁਧਾਰ ਪ੍ਰਬੰਧ ਕਰਨ ।

- ਪ੍ਰਬੰਧਕੀ ਯੋਜਨਾਵਾਂ ਦੇ ਵੇਰਵੇ (ਹਰੀ ਪੱਟੀ ਦਾ ਵਿਕਾਸ ਯੋਜਨਾ, ਰਹਿੰਦ ਖੂਹੰਦ ਪ੍ਰਬੰਧ ਯੋਜਨਾ ਆਦਿ) ।
- ਈ.ਐਮ.ਪੀ. ਨੂੰ ਲਾਗੂ ਕਰਨ ਲਈ ਸਿਫਾਰਸ਼ ਕੀਤੇ/ਪਹਿਚਾਨ ਕੀਤੇ ਅਦਾਰਿਆਂ ਦੀ ਵਿਵਸਥਾ ।
- ਪ੍ਰਬੰਧਨ ਯੋਜਨਾਵਾਂ ਦੀਅ ਵੇਰਵਾ (ਗ੍ਰੀਨਬੈਲਟ ਵਿਕਾਸ ਯੋਜ਼ਨਾ, ਵੈਸਟ ਪ੍ਰਬੰਧਨ ਯੋਜਨਾ ਆਦਿ) ਦਾ ਪਾਲਣ ਕਰਨਾ ।
- ਪ੍ਰੋਜੈਕਟ ਦੇ ਮੁਕੰਮਲ ਹੋਣ ਉਪਰੰਤ ਚਲਾਏ ਜਾਣ ਵਾਲੇ ਵਾਤਾਵਰਣ ਮੋਨਿਟਰਿੰਗ ਪ੍ਰੋਗਰਾਮ ।
- ਈ.ਐਮ.ਪੀ. ਤੇ ਹੋਣ ਵਾਲੇ ਖਰਚੇ ।

ਵਾਤਾਵਰਣ ਪ੍ਰਬੰਧ ਯੋਜਨਾ ਲਈ 31 ਲੱਖ ਦੀ ਪੂੰਜੀਗਤ ਲਾਗਤ ਅਤੇ 3.1 ਲੱਖ ਰੁਪਏ ਦਾ ਸਲਾਨਾ ਬਤੋਰ ਰੱਖ ਖਰਚੇ ਦਾ ਬਜ਼ਟ ਵਿੱਚ ਉਪਚਾਰ ਕੀਤਾ ਗਿਆ ਹੈ ।

ਸਮਾਜ਼ਿਕ ਪ੍ਰਣ:-

ਉਦਯੋਗਪਤੀ ਨੇ ਸਲਾਨਾ 2 ਲੱਖ ਰੁਪੈ ਨੇੜੇ ਦੇ ਇਲਾਕੇ ਅਤੇ ਲੋਕ ਭਲਾਈ ਲਈ ਵਰਤੇ ਜਾਣ ਦਾ ਪ੍ਰਣ ਕੀਤਾ ਹੈ ।

ਵਾਤਾਵਰਣ ਦੇ ਸਾਰੇ ਪਹਿਲੂਆਂ ਨੂੰ ਪ੍ਰਭਾਵੀ ਢੰਗ ਨਾਲ ਮੋਨਿਟਰ ਕਰਨ ਲਈ ਇੱਕ ਵਾਤਾਵਰਣ ਪ੍ਰਬੰਧਕੀ ਸੈੱਲ ਬਣਾਇਆ ਜਾਵੇਗਾ । ਵਾਤਾਵਰਣ ਪ੍ਰਬੰਧਕੀ ਸੈਲ ਵਿੱਚ ਹੇਠ ਅਨੁਸਾਰ ਨੁਮਾਇੰਦਗੀ ਹੋਵੇਗੀ ।

- ਪ੍ਰਬੰਧਕਾਂ ਦਾ ਨੁਮਾਇੰਦਾ (ਵਾਤਾਵਰਣ ਸੈਲ ਦਾ ਮੁੱਖੀ)
- ਪ੍ਰਕਿਰਿਆ ਦਾ ਇੰਚਾਰਜ਼
- ਵਾਤਾਵਰਣ ਸਲਾਹਕਾਰਾਂ ਦਾ ਨੁਮਾਇੰਦਾ
- ਸਥਾਨਕ ਬਾਡੀ ਦਾ ਇੱਕ ਨੁਮਾਇੰਦਾ

ਇਸ ਤੋ ਪਿੱਛੋ ਵਾਤਾਵਰਣ ਇੰਜੀਨੀਅਰ (ਮੈਗਾ) ਨੇ ਲੋਕਾਂ ਨੂੰ ਦੱਸਿਆ ਕਿ ਈ.ਆਈ.ਏ. ਦੇ ਨੋਟੀਫਿਕੇਸਨ ਮਿਤੀ 14.9.2006 ਦੇ ਮੁਤਾਬਿਕ ਮੌਕੇ ਤੇ ਮੌਜੂਦ ਲੋਕ ਪ੍ਰਾਜੈਕਟ ਪ੍ਰਮੋਟਰ ਕੋਲੋ ਕਿਸੇ ਵੀ ਤਰ੍ਹਾਂ ਦੀ ਜਾਣਕਾਰੀ ਹਾਸਲ ਕਰ ਸਕਦੇ ਹਨ ਜਾਂ ਆਪਣੇ ਸੁਝਾਓ ਦੇ ਸਕਦੇ ਹਨ । ਇਹ ਵੀ ਮੌਕੇ ਤੇ ਮੌਜੂਦ ਲੋਕਾਂ ਦੇ ਧਿਆਨ ਵਿੱਚ ਲਿਆਂਦਾ ਗਿਆ ਕਿ ਉਹਨਾਂ ਵੱਲੋ ਮੰਗੀ ਗਈ ਜਾਣਕਾਰੀ ਅਤੇ ਪ੍ਰੋਜੈਕਟ ਲਗਾਉਣ ਵਾਲੇ ਵੱਲੋ ਦਿੱਤੇ ਜਵਾਬ ਕਾਰਵਾਈ ਵਿੱਚ ਦਰਜ ਕੀਤੇ ਜਾਣਗੇ। ਇਹ ਕਾਰਵਾਈ ਸੀਆ, ਪੰਜਾਬ ਨੂੰ ਇਸੇ ਤਰਾਂ ਅਗਲੇਰੀ ਕਾਰਵਾਈ ਕਰਨ ਲਈ ਭੇਜੀ ਜਾਵੇਗੀ । ਇਸ ਲਈ ਉਹਨਾਂ ਲੋਕਾਂ ਨੂੰ ਗੁਜਾਰਿਸ ਕੀਤੀ ਕਿ ਉਹ ਇੱਕ ਇੱਕ ਕਰਕੇ ਪ੍ਰੋਜੈਕਟ ਬਾਰੇ ਜਾਣਕਾਰੀ ਜਾਂ ਸਪੱਸ਼ਟੀਕਰਣ ਮੰਗ ਸਕਦੇ ਸਨ ।

ਇਸ ਤੋ ਪਿੱਛੋ ਮੌਕੇ ਤੇ ਮੌਜੂਦ ਲੋਕਾਂ ਵੱਲੋ ਪੁੱਛੀ ਗਈ ਜਾਣਕਾਰੀ ਅਤੇ ਪ੍ਰੋਜੈਕਟ ਲਗਾਉਣ ਵਾਲਿਆਂ ਵੱਲੋ ਦਿੱਤੇ ਜਵਾਬ ਹੇਠ ਲਿਖੇ ਅਨੁਸਾਰ ਹਨ:

| ਲੜੀ ਨੰ: | ਵਿਅਕਤੀ ਦਾ ਨਾਂ | ਸਵਾਲ/ਸਟੇਟਮੈਂਟ / ਸੂਚਨਾ / ਸਪਸ਼ਟੀਕਰਨ ਜੋ ਮੌਕੇ ਤੇ ਮੌਜੂਦ ਵਿਅਕਤੀ ਨੇ ਮੰਗੀ ਉਸ ਦਾ ਵਿਸਥਾਰ | ਸਵਾਲ/ਸਟੇਟਮੈਂਟ / ਸੂਚਨਾ / ਸਪਸ਼ਟੀਕਰਨ ਜੋ ਮੌਕੇ ਤੇ ਮੌਜੂਦ ਵਿਅਕਤੀ ਨੇ ਮੰਗੀ ਉਸ ਦਾ ਜਵਾਬ |
|---|---|---|---|
| 1. | ਸ੍ਰੀ ਚਰਨਜੀਤ ਸਿੰਘ, ਸਾਬਕਾ ਸਰਪੰਚ, ਪਿੰਡ ਮਾਨ, ਜਿਲਾ ਸ੍ਰੀ ਮੁਕਤਸਰ ਸਾਹਿਬ | 1) ਤਜਵੀਜ ਪ੍ਰੋਜੈਕਟ ਤੋਂ ਕੀ ਕੋਈ ਹਵਾ ਦਾ ਪ੍ਰਦੂਸ਼ਣ ਜਾਂ ਕੋਈ ਹੋਰ ਕਿਸੇ ਕਿਸਮ ਦੇ ਦੁਸਪ੍ਰਭਾਵ ਹੋਣਗੇ ?<br>2) ਕੰਪਨੀ ਦੇ ਸਲਾਹਕਾਰ ਵਲੋਂ ਦਿੱਤੇ ਗਏ ਜਵਾਬ ਨੂੰ ਸੁਨਣ ਉਪਰੰਤ ਜੇਕਰ ਅਜਿਹਾ ਹੈ ਤਾਂ ਸਾਨੂੰ ਪ੍ਰਸਤਾਵਿਤ ਪਲਾਂਟ ਦੇ ਲਗਾਉਣ ਤੇ ਕੋਈ ਇਤਰਾਜ਼ ਨਹੀਂ ਹੈ । | ਨਿਰਧਾਰਿਤ ਮਾਪਦੰਡ ਹਾਸਲ ਕਰਨ ਲਈ ਉਚ ਕੁਸ਼ਲਤਾ ਵਾਲਾ ਹਵਾ ਸੋਧਕ ਯੰਤਰ ਅਤੇ ਇੰਨਸਿਰੇਟਰ ਲਗਾਏ ਜਾਣਗੇ। ਇਸ ਤੋਂ ਇਲਾਵਾ ਅਮਿਸ਼ਨਜ਼ ਨੂੰ ਲਗਾਤਾਰ ਮੋਨੀਟਰ ਕਰਨ ਲਈ ਅਤੇ ਮੋਕੇ ਡਾਟਾ ਹਾਸਲ ਕਰਨ ਲਈ ਰੀਅਲ ਟਾਇਮ ਵਿਸ਼ਲੇਸ਼ਣ ਕਰਨ ਵਾਲੇ ਯੰਤਰ ਲਗਾਏ ਜਾਣਗੇ । |
| 2. | ਸ੍ਰੀ ਪਰਮਜੀਤ ਸਿੰਘ ਪੁੱਤਰ ਸ੍ਰੀ ਗੁਰਦਿੱਤਾ ਸਿੰਘ, ਵਾਸੀ ਪਿੰਡ ਲਾਲਬਾ, ਜਿਲਾ ਸ੍ਰੀ ਮੁਕਤਸਰ ਸਾਹਿਬ | 1) ਕੀ ਮੈਡੀਕਲ ਵੇਸਟ ਜਿਸ ਵਿੱਚ ਕਿ ਸਰੀਰਕ ਅੰਗ ਅਤੇ ਹੋਰ ਵੇਸਟ ਸ਼ਾਮਲ ਹੋਣਗੇ ਨੂੰ ਫੈਸਲਿਟੀ ਤੱਕ ਢੋਅ-ਢੁਆਈ ਕਰਨ ਨਾਲ ਕੋਈ ਪ੍ਰਦੂਸ਼ਣ ਪੈਦਾ ਹੋਵੇਗਾ ?<br>2) ਡਾਕਟਰ ਆਪਣੇ ਆਪ ਨੂੰ ਬਚਾਉਣ ਲਈ ਮੂੰਹ ਆਦਿ ਢੱਕ ਲੈਂਦੇ ਹਨ ਅਤੇ ਅਜਿਹੇ ਇੰਨਫੈਕਸ਼ਨ ਵਾਲੇ ਵੇਸਟ ਨਾਲ ਸਾਡੇ ਤੇ ਕੋਈ ਮਾੜਾ ਅਸਰ ਹੋਵੇ ? | ਮੈਡੀਕਲ ਵੇਸਟ ਨਾਲ ਹੋਣ ਵਾਲੇ ਮਾੜੇ ਅਸਰ ਤੋਂ ਸਮਾਜ ਨੂੰ ਬਚਾਉਣ ਲਈ ਇਹ ਪਲਾਂਟ ਲਗਾਇਆ ਜਾਵੇਗਾ ਜਿਸ ਵਿੱਚ ਮੈਡੀਕਲ ਵੇਸਟ ਨੂੰ ਟਰੀਟ/ਇੰਨਸਿੰਨਟਰੇਟ/ਵਿਗਿਆਨਕ ਤਰੀਕੇ ਨਾਲ ਡਿਸਪੋਜ਼ ਆਫ ਕੀਤਾ ਜਾਵੇਗ । ਪਲਾਂਟ ਵਿੱਚ ਕੰਮ ਕਰਨ ਵਾਲੇ ਕਾਮਿਆਂ ਤੋਂ ਲੈ ਕੇ ਕਿਸੇ ਤੇ ਵੀ ਕੋਈ ਨੁਕਸਾਨਦੇਹ ਅਸਰ ਨਹੀਂ ਪਵੇਗਾ ਅਤੇ ਕਾਮਿਆਂ ਨੂੰ ਯੋਗ ਸੁਰੱਖਿਆ ਉਪਕਰਨ ਜਿਵੇਂ ਕਿ ਦਸਤਾਨੇ, ਮਾਸਕ, ਵਿਸ਼ੇਸ ਜੁੱਤੇ ਆਦਿ ਮੁਹੱਈਆ ਕਰਵਾਏ ਜਾਣਗੇ । ਪਲਾਂਟ ਦੇ ਚੱਲਣ ਦੀ ਪ੍ਰਕਿਰਿਆ ਨੂੰ ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ ਵਲੋਂ ਰੈਗੂਲਰ ਤੋਰ ਤੇ ਮੋਨਿਟਰ ਕੀਤਾ ਜਾਵੇਗਾ । |
| 3. | ਸ੍ਰੀ ਕੋਰ ਸਿੰਘ ਪੁੱਤਰ ਸ੍ਰੀ ਜਗਰ ਸਿੰਘ, ਵਾਸੀ ਪਿੰਡ ਖਿਓਰਵਾਲੀ, | ਜਨਤਾ ਵਿੱਚ ਆਮ ਰਾਏ ਹੈ ਕਿ ਬਾਹਰੋਂ ਮੈਡੀਕਲ ਵੇਸਟ ਲਿਆਉਣ ਨਾਲ ਇਲਾਕੇ ਵਿੱਚ ਬਿਮਾਰੀਆਂ ਫੈਲ ਸਕਦੀਆਂ ਹਨ । ਕੰਪਨੀ | ਬਾਇਓ-ਮੈਡੀਕਲ ਵੇਸਟ ਨੂੰ ਖੁੱਲੇ ਨਹੀਂ ਬਲਕਿ ਸੀਲ ਬੰਦ ਥੈਲਿਆਂ ਵਿੱਚ ਲਿਆਂਦਾ ਜਾਵੇਗਾ । ਸੀਲ ਬੰਦ ਥੈਲਿਆਂ ਨੂੰ ਸਿੱਧਾ ਇੰਨਸਿਨਟਰੇਟਰ ਵਿੱਚ ਇੰਨਸਿਨਿਟਰੇਟ ਕੀਤਾ ਜਾਵੇਗਾ । |

| | | | |
|---|---|---|---|
| | ਜਿਲਾ ਸ੍ਰੀ ਮੁਕਤਸਰ ਸਾਹਿਬ | ਦੇ ਕੰਨਸਲਟੈਂਟ ਵਲੋਂ ਦਿੱਤੇ ਗਏ ਉਤਰ ਨੂੰ ਸੁਨਣ ਤੋਂ ਬਾਅਦ ਉਸਨੇ ਕਿਹਾ ਕਿ ਜੇਕਰ ਕੋਈ ਮਾੜਾ ਅਸਰ ਨਹੀਂ ਪਵੇਗਾ ਤਾਂ ਉਨ੍ਹਾਂ ਨੂੰ ਤਜਵੀਜ ਪਲਾਂਟ ਲਗਾਏ ਜਾਣ ਤੇ ਕੋਈ ਇਤਰਾਜ਼ ਨਹੀਂ ਹੈ । | ਕਾਮਿਆਂ ਸਮੇਤ ਕਿਸੇ ਤੇ ਵੀ ਕੋਈ ਮਾੜਾ ਅਸਰ ਨਹੀਂ ਹੋਵੇਗਾ । |
| 4. | ਸ੍ਰੀ ਚੜਤ ਸਿੰਘ ਪੁੱਤਰ ਸ੍ਰੀ ਤਾਰਾ ਸਿੰਘ, ਵਾਸੀ ਪਿੰਡ ਤੇ ਡਾਕਖਾਨਾ ਮਾਨ, ਜਿਲਾ ਸ੍ਰੀ ਮੁਕਤਸਰ ਸਾਹਿਬ | ਇਸ ਸਮੇਂ ਪੱਟੀਆਂ ਅਤੇ ਸੂਈਆਂ ਆਦਿ ਖੁੱਲੇ ਵਿੱਚ ਖੇਤਾਂ ਵਿੱਚ, ਸੜਕਾਂ ਤੇ ਅਤੇ ਸੜਕਾਂ ਦੇ ਨਾਲ-2 ਸੁੱਟਿਆ ਜਾ ਰਿਹਾ ਹੈ, ਇਹ ਆਈਟਮਜ਼ ਬਹੁਤ ਖਤਰਨਾਕ ਹਨ ਅਤੇ ਬਹੁਤ ਵਾਰ ਜਨਤਾ ਦੇ ਜਾਨ ਅਤੇ ਮਾਲ ਨੂੰ ਨੁਕਸਾਨ ਪਹੁੰਚਾਉਂਦੀਆਂ ਹਨ । ਤਜਵੀਜ ਪਲਾਂਟ ਲਗਾਉਣ ਨਾਲ ਸਰਕਾਰ ਜਾਂ ਮਹਿਕਮੇ ਵਲੋਂ ਯੋਗ ਪ੍ਰਬੰਧ ਕੀਤੇ ਗਏ ਹਨ ਅਤੇ ਇਸ ਨਾਲ ਇਲਾਕੇ ਨੂੰ ਫਾਇਦਾ ਹੋਵੇਗਾ । ਮੌਜੂਦਾ ਸਮੇਂ ਪੱਟੀਆਂ ਜਾਂ ਹਸਪਤਾਲ ਦਾ ਹੋਰ ਵੇਸਟ ਦਾ ਪ੍ਰਬੰਧ ਇੱਕ ਸਮੱਸਿਆ ਸੀ । ਉਸਨੇ ਮਹਿਕਮੇ ਦਾ ਧੰਨਵਾਦ ਕੀਤਾ । | ਜਵਾਬ ਦੇਣ ਦੀ ਕੋਈ ਜਰੂਰਤ ਨਹੀਂ ਸੀ । |
| 5. | ਸ੍ਰੀ ਬਿਕਰ ਸਿੰਘ ਪੁੱਤਰ ਸ੍ਰੀ ਜੱਗਾ ਸਿੰਘ, ਸਰਪੰਚ ਪਿੰਡ ਚੰਨੋ, ਜਿਲਾ ਸ੍ਰੀ ਮੁਕਤਸਰ ਸਾਹਿਬ | ਉਸਨੇ ਜਨਤਾ ਅਤੇ ਲੋਕ ਸੁਣਵਾਈ ਕਰਵਾਉਣ ਲਈ ਹਾਜਰ ਅਫਸਰਾਂ ਦਾ ਧੰਨਵਾਦ ਕੀਤਾ । ਉਸਨੇ ਅੱਗੇ ਕਿਹਾ ਕਿ ਜੇਕਰ ਦੱਸੇ ਗਏ ਅਨੁਸਾਰ ਸਾਰੇ ਪ੍ਰਬੰਧ ਕਰ ਲਏ ਜਾਂਦੇ ਹਨ ਅਤੇ ਲਾਗੂ ਕੀਤੇ ਜਾਂਦੇ ਹਨ ਤਾਂ ਉਨ੍ਹਾਂ ਨੂੰ ਤਜਵੀਜ ਪਲਾਂਟ ਲਗਾਏ ਜਾਣ ਤੇ ਕੋਈ ਇਤਰਾਜ਼ ਨਹੀਂ ਹੈ । | ਜਵਾਬ ਦੇਣ ਦੀ ਕੋਈ ਜਰੂਰਤ ਨਹੀਂ ਸੀ । |
| 6. | ਸ੍ਰੀ ਸੂਰਜ ਸਿੰਘ | ਨੇੜੇ ਦੇ ਪਿੰਡਾਂ ਵਿੱਚ ਡਰ | ਵਧੀਕ ਡਿਪਟੀ ਕਮਿਸ਼ਨਰ |

| | | | |
|---|---|---|---|
| | ਪੁੱਤਰ ਸ੍ਰੀ ਹਰਬੰਸ ਸਿੰਘ, ਵਾਸੀ ਪਿੰਡ ਬੀਦੋਵਾਲੀ, ਜਿਲਾ ਸ੍ਰੀ ਮੁਕਤਸਰ ਸਾਹਿਬ | ਫੈਲਿਆ ਹੋਇਆ ਹੈ ਕਿ ਤਜਵੀਜ ਪਲਾਂਟ ਦੇ ਲੱਗਣ ਨਾਲ ਇਲਾਕੇ ਵਿੱਚ ਬਿਮਾਰੀਆਂ ਫੈਲ ਸਕਦੀਆਂ ਹਨ ਜਨਤਾ ਵਿੱਚੋਂ ਡਰ ਦੂਰ ਕਰਨ ਲਈ ਜਾਗਰੂਕਤਾ ਮੁਹਿੰਮ ਚਲਾਈ ਜਾਣੀ ਚਾਹੀਦੀ ਹੈ ਅਤੇ ਅਖਬਾਰਾਂ ਆਦਿ ਵਿੱਚ ਇਸ਼ਤਿਹਾਰ ਦਿੱਤੇ ਜਾਣੇ ਚਾਹੀਦੇ ਹਨ ਜਿਸ ਵਿੱਚ ਪ੍ਰੋਜੈਕਟ ਦੇ ਵੇਰਵਿਆਂ ਦੇ ਨਾਲ-2 ਵਾਤਾਵਰਣ ਤੇ ਹੋਣ ਵਾਲ ਕਿਸੇ ਵੀ ਮਾੜੇ ਪ੍ਰਭਾਵ ਤੋਂ ਬਚਣ ਲਈ ਕੀਤੇ ਜਾਣ ਵਾਲੇ ਕੰਟਰੋਲ ਅਤੇ ਪ੍ਰਬੰਧਾਂ ਬਾਰੇ ਦੱਸਿਆ ਜਾਵੇ । | (ਵਿਕਾਸ) ਸ੍ਰੀ ਮੁਕਤਸਰ ਸਾਹਿਬ ਜੀ ਨੇ ਕਿਹਾ ਕਿ ਇਹ ਇੱਕ ਸੁਆਗਤ ਕਰਨ ਵਾਲਾ ਸੁਝਾਅ ਹੈ ਅਤੇ ਪ੍ਰੋਜੈਕਟ ਪ੍ਰਾਪੋਨੈਂਟ ਦੇ ਨਾਲ-2 ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ ਨੂੰ ਇਸ ਦੀ ਪਾਲਣਾ ਯਕੀਨੀ ਬਨਾਉਣ ਲਈ ਕਿਹਾ । |

ਵਾਤਾਵਰਣ ਇੰਜੀਨੀਅਰ (ਮੈਗਾ) ਨੇ ਲੋਕਾਂ ਨੂੰ ਬੇਨਤੀ ਕੀਤੀ ਕਿ ਜੇ ਕੋਈ ਹੋਰ ਵਿਅਕਤੀ ਕੁਝ ਜਾਣਕਾਰੀ ਲੈਣਾ ਚਾਹੁੰਦਾ ਹੋਵੇ ਤਾਂ ਲੈ ਸਕਦਾ ਹੈ, ਪਰ ਕਿਸੇ ਨੇ ਵੀ ਕੁਝ ਜਾਣਕਾਰੀ ਨਹੀ ਮੰਗੀ। ਇਸ ਤੋ ਪਿੱਛੋ ਉਹਨਾਂ ਨੇ ਹਾਜਰ ਲੋਕਾਂ ਨੂੰ ਕਿਹਾ ਕਿ ਉਹ ਵਿਅਕਤੀ ਹੱਥ ਖੜੇ ਕਰਨ ਜੋ ਕੰਪਨੀ ਦੇ ਪ੍ਰਸਤਾਵਿਤ ਯੂਨਿਟ ਲੱਗਣ ਦਾ ਸਮਰਥਨ ਕਰਦੇ ਹਨ । ਇਸ ਦੇ ਹੁੰਗਾਰੇ ਵਜੋ ਮੌਜੂਦ ਲੋਕਾਂ ਵਿੱਚੋਂ ਲਗਭਗ 95 ਪ੍ਰਤੀਸਤ ਲੋਕਾਂ ਨੇ ਪ੍ਰਸਤਾਵਤ ਯੋਜਨਾ ਦੇ ਹੱਕ ਵਿੱਚ ਹੱਥ ਉਠਾ ਕੇ ਪੁਸਟੀ ਕੀਤੀ । ਇਸ ਪਬਲਿਕ ਹੀਰਿੰਗ ਵਿੱਚ 98 ਬੰਦਿਆਂ ਨੇ ਹਿੱਸਾ ਲਿਆ ।

ਵਾਤਾਵਰਣ ਇੰਜੀਨੀਅਰ (ਮੈਗਾ) ਨੇ ਇਹ ਵੀ ਦੱਸਿਆ ਕਿ ਹੁਣ ਤੱਕ ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ ਕੋਲ ਗ੍ਰਾਮ ਪੰਚਾਇਤਾਂ ਤੋਂ ਹੇਠ ਲਿਖੀਆਂ ਲਿਖਤੀ ਪ੍ਰਤੀ-ਬੇਨਤੀਆਂ ਆਈਆਂ ਹਨ:-

| ਲੜੀ ਨੰਬਰ | ਗ੍ਰਾਮ ਪੰਚਾਇਤ ਦਾ ਨਾਮ | ਵਿਸ਼ੇਸ ਕਥਨ |
|---|---|---|
| 1. | ਗ੍ਰਾਮ ਪੰਚਾਇਤ ਪਿੰਡ ਲਾਲਬਾਈ, ਜਿਲਾ ਸ੍ਰੀ ਮੁਕਤਸ਼ਰ ਸਾਹਿਬ | ਮਿਤੀ 30/01/2018 ਨੂੰ ਤਜਵੀਜਤ ਪ੍ਰੋਜੈਕਟ ਨੂੰ ਨਾ ਲੱਗਣ ਦਾ ਮਤਾ ਪਾਸ ਕੀਤਾ ਗਿਆ । |
| 2. | ਗ੍ਰਾਮ ਪੰਚਾਇਤ ਪਿੰਡ ਚੰਨੂ, ਜਿਲਾ ਸ੍ਰੀ ਮੁਕਤਸ਼ਰ ਸਾਹਿਬ | ਮਿਤੀ 30/01/2018 ਨੂੰ ਤਜਵੀਜਤ ਪ੍ਰੋਜੈਕਟ ਨੂੰ ਨਾ ਲੱਗਣ ਦਾ ਮਤਾ ਪਾਸ ਕੀਤਾ ਗਿਆ । |
| 3. | ਗ੍ਰਾਮ ਪੰਚਾਇਤ ਪਿੰਡ ਬੀਦੋਵਾਲੀ ਜਿਲਾ ਸ੍ਰੀ ਮੁਕਤਸ਼ਰ ਸਾਹਿਬ | ਮਿਤੀ 30/01/2018 ਨੂੰ ਤਜਵੀਜਤ ਪ੍ਰੋਜੈਕਟ ਨੂੰ ਨਾ ਲੱਗਣ ਦਾ ਮਤਾ ਪਾਸ ਕੀਤਾ ਗਿਆ । |

| | | |
|---|---|---|
| 4. | ਗ੍ਰਾਮ ਪੰਚਾਇਤ ਪਿੰਡ ਲਾਲਬਾਈ ਜਿਲਾ ਸ੍ਰੀ ਮੁਕਤਸ਼ਰ ਸਾਹਿਬ | ਮਿਤੀ 29/01/2018 ਨੂੰ ਤਜਵੀਜਤ ਪ੍ਰੋਜੈਕਟ ਨੂੰ ਨਾ ਲੱਗਣ ਦਾ ਮਤਾ ਪਾਸ ਕੀਤਾ ਗਿਆ । |
| 5. | ਗ੍ਰਾਮ ਪੰਚਾਇਤ ਪਿੰਡ ਰਾਏ ਕੇ ਕਲਾਂ ਜਿਲਾ ਸ੍ਰੀ ਮੁਕਤਸ਼ਰ ਸਾਹਿਬ | ਮਿਤੀ 30/01/2018 ਨੂੰ ਤਜਵੀਜਤ ਪ੍ਰੋਜੈਕਟ ਨੂੰ ਨਾ ਲੱਗਣ ਦਾ ਮਤਾ ਪਾਸ ਕੀਤਾ ਗਿਆ । |

ਉਪਰੰਤ, ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਸ੍ਰੀ ਮੁਕਤਸਰ ਸਾਹਿਬ ਜੀ ਜਨਤਾ ਦਾ ਲੋਕ ਸੁਣਵਾਈ ਵਿੱਚ ਹਿੱਸਾ ਲੈਣ ਲਈ ਧੰਨਵਾਦ ਕੀਤਾ ਅਤੇ ਕਿਹਾ ਕਿ ਹਾਲੇ ਵੀ ਜੇਕਰ ਕੋਈ ਹੋਰ ਸੁਝਾਅ ਦੇਣਾ ਚਾਹੁੰਦਾ ਹੈ ਤਾਂ ਉਸ ਦਾ ਬੋਲਣ ਲਈ ਸੁਆਗਤ ਹੈ, ਪ੍ਰੰਤੂ ਕੋਈ ਵੀ ਅੱਗੇ ਨਹੀਂ ਆਇਆ ।

ਸਰਵਜਨਕ ਸੁਣਵਾਈ ਸੁਪਰਵਾਈਜਰ-ਕਮ-ਪ੍ਰਜਾਈਡਿੰਗ ਅਫਸਰ ਅਤੇ ਹਾਜਰ ਜਨਤਾ ਦੇ ਧੰਨਵਾਦ ਸਹਿਤ ਖਤਮ ਕੀਤੀ ਗਈ ।

**(ਪਰਮਜੀਤ ਸਿੰਘ)**
ਵਾਤਾਵਰਣ ਇੰਜੀਨੀਅਰ
ਪੀਪੀਸੀਬੀ, ਖੇਤਰੀ ਦਫਤਰ,
ਬਠਿੰਡਾ

**(ਰਾਜ਼ੀਵ ਸ਼ਰਮਾਂ)**
ਵਾਤਾਵਰਣ ਇੰਜੀਨੀਅਰ (ਮੈਗਾ)
ਪੀਪੀਸੀਬੀ, ਪਟਿਆਲਾ

**(ਹਰਿੰਦਰ ਸਿੰਘ ਸਰਾਂ)** ਪੀ.ਸੀ.ਐਸ.
ਅਡੀਸ਼ਨਲ ਡਿਪਟੀ ਕਮਿਸ਼ਨਰ (ਡਿਵ)
ਸ੍ਰੀ ਮੁਕਤਸਰ ਸਾਹਿਬ